ਪੰਜਾਬ ਸਰਕਾਰ

ਵਣ ਅਤੇ ਜੰਗਲੀ ਜੀਵ ਸੁਰਖਿੱਆ ਵਿਭਾਗ ਪੰਜਾਬ

ਦਫ: ਪ੍ਰਧਾਨ ਮੁੱਖ ਵਣ ਪਾਲ(HoFF)

ਵਣ ਭਵਨ ਸੈਕਟਰ-68

ਐਸ.ਏ.ਐਸ. ਨਗਰ, ਪੰਜਾਬ।

ਸੇਵਾਵਿਖੇ

ਵਣ ਮੰਡਲ ਅਫ਼ਸਰ,
ਸੰਗਰੂਰ

ਨੰ:FCA/1980/215/2015/ 17666 ਮਿਤੀ: 25-2-16

ਵਿਸ਼ਾ:- **Diversion of 0.0025 ha of forest land for underground cemented water pipe line on Sunam-Jakhal road km. 13-15 R/s. under Forest Division and Distt. Sangrur.**

ਹਵਾਲਾ: ਆਪ ਦਾ ਪੱਤਰ ਨੰ: 6973 ਮਿਤੀ 19-01-2015.

*****

ਉਪਰੋਕਤ ਵਿਸ਼ੇ ਸਬੰਧੀ ਤਜਵੀਜ ਇਸ ਦਫਤਰ ਦੇ ਪੱਤਰ ਨੰ: 5068 ਮਿਤੀ 09-09-2015 ਨਾਲ ਮੂਲ ਰੂਪ ਵਿਚ ਭੇਜਕੇ ਲਿਖਿਆ ਗਿਆ ਸੀ ਕਿ ਤਜਵੀਜ ਹਰ ਪੱਖੋਂ ਮੁਕੰਮਲ ਕਰਕੇ ਇਸ ਦਫਤਰ ਨੂੰ ਵਾਪਿਸ ਭੇਜੀ ਜਾਵੇ। ਆਪ ਵੱਲੋਂ ਹਵਾਲੇ ਅਧੀਨ ਪੱਤਰ ਨਾਲ ਤਜਵੀਜ ਮੂਲਰੂਪ ਵਿਚ ਵਾਪਿਸ ਭੇਜੀ ਗਈ ਹੈ। ਬਾਰ ਬਾਰ ਲਿਖਣ ਦੇ ਬਾਵਜੂਦ ਵੀ ਆਪ ਵੱਲੋਂ ਤਰੁੱਟੀਆਂ ਠੀਕ ਕਰਕੇ ਨਹੀਂ ਭੇਜੀਆਂ ਜਾ ਰਹੀਆਂ ਹਨ। ਇਸ ਵਿਚ ਹੇਠ ਲਿਖਿਆਂ ਤਰੁੱਟੀਆਂ ਪਾਈਆਂ ਗਈਆਂ ਹਨ।

1. ਤਜਵੀਜ ਵਿਚ ਬਹੁਤ ਸਾਰੇ ਪੇਪਰਾਂ ਤੇ ਕਟਿੰਗ ਕਰਕੇ ਦਸਤਖਤ ਕੀਤੇ ਗਏ ਹਨ।
2. ਲੇ-ਆਉਟ ਪਲੈਨ ਤੇ ਆਪ ਵੱਲੋਂ ਪੂਰੇ ਦਸਤਖਤ ਨਹੀਂ ਕੀਤੇ ਗਏ ਹਨ। ਯੂਜਰ ਏਜੰਸੀ ਦੇ ਵੀ ਹਸਤਾਖਰ ਨਹੀਂ ਹਨ।
3. ਫੋਟੋਗ੍ਰਾਫਸ ਤੇ ਦਸਤਖਤ ਨਹੀਂ ਹਨ।
4. ਸੀ.ਏ. ਸਕੀਮ ਮੌਜੂਦਾ ਰੇਟਾਂ ਨਾਲ ਨਹੀਂ ਬਣਾਈ ਗਈ।
5. GOI ਟੋਪੋਸ਼ੀਟ ਤੇ ਯੂਜਰ ਏਜੰਸੀ ਤੇ ਦਸਤਖਤ ਨਹੀਂ ਹਨ।
6. ਸਾਇਟ ਇੰਸਪੈਕਸ਼ਨ ਰਿਪੋਟ ਵਿੱਚ ਵੀ ਕਟਿੰਗ ਕਰਕੇ ਨਿਚੇ ਦਸਤਖਤ ਕੀਤੇ ਗਏ ਹਨ ਅਤੇ ਸਾਇਟ ਇੰਸਪੈਕਸ਼ਨ ਦੀਆਂ ਦੋ ਮਿਤੀਆਂ ਪਾਈਆਂ ਗਈਆਂ ਹਨ। ਆਪ ਵੱਲੋਂ ਪੱਤਰ ਨੰ: 6973 ਮਿਤੀ 19-01-2016 ਰਾਹੀਂ ਇਸ ਦਫਤਰ ਨੂੰ ਲਿਖਿਆ ਗਿਆ ਸੀ ਕਿ ਆਪ ਵੱਲੋਂ ਦੋ ਵਾਰੀ ਮੋਕਾ ਵੇਖਿਆ ਗਿਆ ਜਦ ਕਿ ਹਸਤਾਖਰ ਸ੍ਰੀ ਮਹਾਵੀਰ ਸਿੰਘ ਵਣ ਮੰਡਲ ਅਫਸਰ ਦੇ ਹਨ। ਇਹ ਤੱਥ ਸਪਸ਼ਟ ਕੀਤਾ ਜਾਵੇ। ਇਹ ਵੀ ਦਸਿਆ ਜਾਵੇ ਕਿ ਆਪ ਵੱਲੋਂ ਕਿਸ ਮਿਤੀ ਨੂੰ ਇੰਸਪੈਕਸ਼ਨ ਕੀਤੀ ਗਈ ਹੈ।

ਆਪ ਨੂੰ ਮੁੜ ਤਜਵੀਜ ਮੂਲਰੂਪ ਵਿਚ ਵਾਪਿਸ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਤਜਵੀਜ ਹਰ ਪੱਖੋਂ ਮੁਕੰਮਲ ਕਰਕੇ ਇਸ ਦਫਤਰ ਨੂੰ ਭੇਜੀ ਜਾਵੇ।

ਨੱਥੀ: ਦੋ ਪੜਤਾਂ

ਮੁੱਖ ਵਣ ਪਾਲ (FC) ਅਤੇ
ਨੋਡਲ ਅਫਸਰ (FCA),
ਪੰਜਾਬ, ਐਸ.ਏ.ਐਸ. ਨਗਰ।

ਪਿੱਠ ਅੰਕਣ ਨੰ:FCA/1980/215/2015/ 17667 ਮਿਤੀ: 25-2-16

ਇਸ ਪੱਤਰ ਦੀ ਇੱਕ ਨਕਲ ਵਣ ਪਾਲ, ਸਾਊਥ ਸਰਕਲ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਮੁੱਖ ਵਣ ਪਾਲ (FC) ਅਤੇ
ਨੋਡਲ ਅਫਸਰ (FCA),
ਪੰਜਾਬ, ਐਸ.ਏ.ਐਸ. ਨਗਰ।